# के.एम.वी. द्वारा साहित्य अकादमी, दिल्ली के सहयोग से 4 दिवसीय पुस्तक प्रदर्शनी का आगाज़



**के.एम.वी. द्वारा 4 दिवसीय पुस्तक प्रदर्शनी की शुरुआत पर किताबें देखते हुए कालेज प्रिंसीपल प्रो. आतिमा शर्मा द्विवेदी। (संदीप)**

जालंधर, 20 अगस्त (कुश): के.एम.वी. साहित्य अकादमी, दिल्ली के सहयोग से 4 दिवसीय प्रदर्शनी का आगाज़ किया गया। 20 से 23 अगस्त तक चलने वाली इस प्रदर्शनी का उद्घाटन कालेज प्रिंसीपल प्रो. आतिमा शर्मा द्विवेदी ने किया। उल्लेखनीय है कि इस पुस्तक प्रदर्शनी में अंग्रेजी, हिंदी, पंजाबी व उर्दू भाषा साहित्य से संबंधित पुस्तकों का प्रदर्शन किया गया। इस मौके पर संबोधित करते हुए प्रिंसीपल प्रो. आतिमा शर्मा द्विवेदी ने कहा कि यह पुस्तक प्रदर्शनी विद्यार्थियों के पाठ्यक्रम का ही एक हिस्सा है। उन्होंने कहा कि यह हर सचेत अध्यापक और समाज की जिम्मेदारी है कि वे विद्यार्थियों को अधिक से अधिक पुस्तकें पढ़ने के लिए प्रेरित करें। इसके साथ ही उन्होंने प्रदर्शनी के सफल आयोजन पर डा. मधुमीत, डीन लैंग्वेजिस एवं डा. नीरज शर्मा, प्रमुख, संस्कृत विभाग को बधाई दी।

# के.एम.वी. में पुस्तक प्रदर्शनी शुरू




*प्रदर्शनी का उद्घाटन करतीं प्रिं. अतिमा शर्मा, साथ हैं डा. नीरज शर्मा व डा. मधुमीत। (ठाकुर)*

जालंधर, 20 अगस्त (दर्शन): भारत की विरासती संस्था कन्या महाविद्यालय आटोनॉमस कालेज में साहित्य अकादमी, दिल्ली के सहयोग से चलने वाली 4 दिवसीय प्रदर्शनी का उद्घाटन प्रिं. अतिमा शर्मा ने किया।

इस दौरान डा. मधुमीत, डीन लैंग्वेजिस एवं डा. नीरज शर्मा, प्रमुख संस्कृत विभाग भी मौजूद थे। प्रिंसीपल ने कहा कि यह पुस्तक प्रदर्शनी विद्यार्थियों के पाठ्यक्रम का ही एक हिस्सा है। उन्होंने कहा कि यह हर सचेत अध्यापक और समाज की जिम्मेदारी है कि वे विद्यार्थियों को अधिक से अधिक पुस्तकें पढ़ने के लिए प्रेरित करें।




ਪ੍ਰਿੰਸੀਪਲ ਪ੍ਰੋ. ਅਤਿਮਾ ਸ਼ਰਮਾ ਦਿਵੇਦੀ, ਡਾ. ਮਧੂਮੀਤ ਤੇ ਹੋਰ ਪੁਸਤਕ ਪ੍ਰਦਰਸ਼ਨੀ ਦੇਖਦੇ ਹੋਏ। ਤਸਵੀਰ-ਮੁਨੀਸ਼

# ਕੇ.ਐਮ.ਵੀ. ਵਿਖੇ 4 ਰੋਜ਼ਾ ਪੁਸਤਕ ਪ੍ਰਦਰਸ਼ਨੀ ਦਾ ਆਗਾਜ਼

ਜਲੰਧਰ, 20 ਅਗਸਤ (ਰਣਜੀਤ ਸਿੰਘ ਸੋਢੀ)-ਭਾਰਤ ਦੀ ਵਿਰਾਸਤ ਤੇ ਖ਼ੁਦਮੁਖ਼ਤਿਆਰ ਸੰਸਥਾ ਕੰਨਿਆ ਮਹਾਂਵਿਦਿਆਲਾ ਕਾਲਜ ਜਲੰਧਰ ਵਿਖੇ ਸਾਹਿਤ ਅਕਾਦਮੀ, ਦਿੱਲੀ ਦੇ ਸਹਿਯੋਗ ਨਾਲ 4 ਰੋਜ਼ਾ ਪੁਸਤਕ ਪ੍ਰਦਰਸ਼ਨੀ ਦਾ ਆਗਾਜ਼ ਕੀਤਾ ਗਿਆ। 23 ਅਗਸਤ ਤੱਕ ਚੱਲਣ ਵਾਲੀ ਇਸ ਪ੍ਰਦਰਸ਼ਨੀ ਦਾ ਉਦਘਾਟਨ ਕਾਲਜ ਪ੍ਰਿੰਸੀਪਲ ਪ੍ਰੋ. ਅਤਿਮਾ ਸ਼ਰਮਾ ਦਿਵੇਦੀ ਨੇ ਕੀਤਾ। ਜ਼ਿਕਰਯੋਗ ਹੈ ਕਿ ਇਸ ਪੁਸਤਕ ਪ੍ਰਦਰਸ਼ਨੀ ਵਿਚ ਅੰਗਰੇਜ਼ੀ, ਹਿੰਦੀ, ਪੰਜਾਬੀ ਤੇ ਉਰਦੂ ਭਾਸ਼ਾ ਸਾਹਿਤ 'ਤੇ ਆਧਾਰਿਤ ਪੁਸਤਕਾਂ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਸੰਬੋਧਿਤ ਹੁੰਦਿਆਂ ਪ੍ਰਿੰਸੀਪਲ ਪ੍ਰੋ. ਅਤਿਮਾ ਸ਼ਰਮਾ ਦਿਵੇਦੀ ਨੇ ਕਿਹਾ ਕਿ ਇਹ ਪੁਸਤਕ ਪ੍ਰਦਰਸ਼ਨੀ ਵਿਦਿਆਰਥੀਆਂ ਦੇ ਸਿਲੇਬਸ ਦਾ ਹੀ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਹ ਹਰ ਇੱਕ ਸੁਚੇਤ ਅਧਿਆਪਕ ਤੇ ਸੁਗੜ ਸਿਆਣੇ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨ। ਪ੍ਰਦਰਸ਼ਨੀ ਦੇ ਸਫਲ ਆਯੋਜਨ ਦੇ ਲਈ ਡਾ. ਮਧੂਮੀਤ, ਡੀਨ ਲੈਂਗੁਇਜਿਜ਼ ਤੇ ਡਾ. ਨੀਰਜ ਸ਼ਰਮਾ, ਮੁਖੀ, ਸੰਸਕ੍ਰਿਤ ਵਿਭਾਗ ਨੂੰ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਵਿਦਵਾਨਾਂ ਅਤੇ ਜਲੰਧਰ ਦੇ ਹੋਰਨਾਂ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਵੀ ਸੱਦਾ ਦਿੱਤਾ ਤਾਂ ਜੋ ਉਹ ਉੱਚ ਕੋਟੀ ਦੇ ਸਾਹਿਤ ਬਾਰੇ ਜਾਣਕਾਰੀ ਦੇ ਨਾਲ-ਨਾਲ ਸਿੱਖਿਆ ਅਤੇ ਮਨੋਰੰਜਨ ਹਾਸਿਲ ਕਰਕੇ ਇਸ ਨੂੰ ਆਪਣੀ ਜ਼ਿੰਦਗੀ ਵਿਚ ਹਾਸਿਲ ਕੀਤੇ ਜਾਣ ਵਾਲੇ ਮੁਕਾਮਾਂ ਦਾ ਮਜ਼ਬੂਤ ਅਧਾਰ ਬਣਾ ਸਕਣ।




ਕੇਐੱਮਵੀ 'ਚ ਪ੍ਰਦਰਸ਼ਨੀ ਦੇ ਪਹਿਲੇ ਦਿਨ ਕਿਤਾਬ ਪੜ੍ਹਦੇ ਹੋਏ ਪ੍ਰਿੰਸੀਪਲ ਪ੍ਰੋ. ਅਤਿਮਾ ਸ਼ਰਮਾ ਦਿਵੇਦੀ ਤੇ ਹੋਰ।

# ਕੇਐੱਮਵੀ ਵਿਖੇ 4 ਰੋਜ਼ਾ ਪੁਸਤਕ ਪ੍ਰਦਰਸ਼ਨੀ ਸ਼ੁਰੂ

**ਸੀਨੀਅਰ ਸਟਾਫ ਰਿਪੋਰਟਰ, ਜਲੰਧਰ** : ਕੰਨਿਆ ਮਹਾਵਿਦਿਆਲਾ ਵਿਖੇ ਸਾਹਿਤ ਅਕਾਦਮੀ, ਦਿੱਲੀ ਦੇ ਸਹਿਯੋਗ ਨਾਲ 4 ਰੋਜ਼ਾ ਪੁਸਤਕ ਪ੍ਰਦਰਸ਼ਨੀ ਦਾ ਆਗਾਜ਼ ਕੀਤਾ ਗਿਆ। 20 ਤੋਂ 23 ਅਗਸਤ ਤਕ ਚੱਲਣ ਵਾਲੀ ਇਸ ਪ੍ਰਦਰਸ਼ਨੀ ਦਾ ਉਦਘਾਟਨ ਕਾਲਜ ਪ੍ਰਿੰਸੀਪਲ ਪ੍ਰੋ. ਅਤਿਮਾ ਸ਼ਰਮਾ ਦਿਵੇਦੀ ਨੇ ਕੀਤਾ। ਇਸ ਪੁਸਤਕ ਪ੍ਰਦਰਸ਼ਨੀ 'ਚ ਅੰਗਰੇਜ਼ੀ, ਹਿੰਦੀ, ਪੰਜਾਬੀ ਤੇ ਉਰਦੂ ਭਾਸ਼ਾ ਸਾਹਿਤ 'ਤੇ ਆਧਾਰਿਤ ਪੁਸਤਕਾਂ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਿੰਸੀਪਲ ਪ੍ਰੋ. ਅਤਿਮਾ ਸ਼ਰਮਾ ਦਿਵੇਦੀ ਨੇ ਕਿਹਾ ਕਿ ਇਹ ਪੁਸਤਕ ਪ੍ਰਦਰਸ਼ਨੀ ਵਿਦਿਆਰਥੀਆਂ ਦੇ ਸਿਲੇਬਸ ਦਾ ਹੀ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਹ ਹਰੇਕ ਸੁਚੇਤ ਅਧਿਆਪਕ ਤੇ ਸੁਗੜ ਸਿਆਣੇ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਹ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨ। ਨਾਲ ਹੀ ਉਨ੍ਹਾਂ ਨੇ ਪ੍ਰਦਰਸ਼ਨੀ ਦੀ ਸਫਲਤਾ ਲਈ ਡਾ. ਮਧੁਮੀਤ, ਡੀਨ ਲੈਂਗੁਏਜਿਸ ਤੇ ਡਾ. ਨੀਰਜ ਸ਼ਰਮਾ, ਮੁਖੀ, ਸੰਸਕ੍ਰਿਤ ਵਿਭਾਗ ਨੂੰ ਵਧਾਈ ਦਿੱਤੀ। ਇਸ ਮੌਕੇ ਉਨ੍ਹਾਂ ਵਿਦਵਾਨਾਂ ਤੇ ਸ਼ਹਿਰ ਦੀਆਂ ਹੋਰ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਵੀ ਸੱਦਾ ਦਿੱਤਾ ਤਾਂ ਜੋ ਉਹ ਉੱਚ ਕੋਟੀ ਦੇ ਸਾਹਿਤਕ ਜਾਣਕਾਰੀ ਦੇ ਨਾਲ-ਨਾਲ ਸਿੱਖਿਆ ਹਾਸਲ ਕਰ ਕੇ ਇਸ ਨੂੰ ਆਪਣੀ ਜ਼ਿੰਦਗੀ 'ਚ ਹਾਸਲ ਕੀਤੇ ਜਾਣ ਵਾਲੇ ਮੁਕਾਮਾਂ ਦਾ ਮਜ਼ਬੂਤ ਆਧਾਰ ਬਣਾ ਸਕਣ।